a2zpapers.com

**Exam. Code : 106002**
**Subject Code : 1636**

www.a2zpapers.com

## Bachelor of Design 2nd Semester

## ਪੰਜਾਬੀ ਲਾਜ਼ਮੀ

## Paper–VIII (i)

Time Allowed—3 Hours] [Maximum Marks—50

**ਨੋਟ :-** ਸਾਰੇ ਪ੍ਰਸ਼ਨ ਲਾਜ਼ਮੀ ਹਨ।

1. 'ਸਾਹਿਤ ਤੇ ਲੋਕ ਸਾਹਿਤ' ਲੇਖ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

**ਜਾਂ**

'ਕੰਪਿਊਟਰ ਅਤੇ ਇੰਟਰਨੈੱਟ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 10

2. 'ਪਠਾਣ ਦੀ ਧੀ' ਕਹਾਣੀ ਦਾ ਵਿਸ਼ਾ-ਵਸਤੂ ਪ੍ਰਸਤੁਤ ਕਰੋ।

**ਜਾਂ**

'ਉਜਾੜ' ਕਹਾਣੀ ਦੇ ਮੁੱਖ ਪਾਤਰ ਦੀ ਪਾਤਰ ਉਸਾਰੀ ਕਰੋ। 10

3. ਸ਼ਬਦ-ਰਚਨਾ ਦੀ ਪਰਿਭਾਸ਼ਾ ਦਿੰਦਿਆਂ ਹੋਇਆਂ ਇਸਦੇ ਮੁੱਢਲੇ ਸੰਕਲਪਾਂ ਦਾ ਵਰਣਨ ਕਰੋ।

**ਜਾਂ**

ਸ਼ਬਦ ਸ਼੍ਰੇਣੀਆਂ ਦੇ ਸੰਦਰਭ ਵਿਚ ਕਿਰਿਆ ਵਿਸ਼ੇਸ਼ਣ ਸ਼ਬਦ ਸ਼੍ਰੇਣੀ ਦੇ ਵਿਆਕਰਨਿਕ ਕਰਤੱਵਾਂ ਦਾ ਵਰਣਨ ਕਰੋ। 10

4. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਉਤੇ ਪੈਰ੍ਹਾ ਰਚਨਾ ਲਿਖੋ :

(ੳ) ਮਨੁੱਖ ਅਤੇ ਕਲਾ

(ਅ) ਸੰਤੁਲਿਤ ਖੁਰਾਕ

(ੲ) ਅਨੁਸ਼ਾਸ਼ਨ ਦੀ ਕਲਾ। 5



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

5. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਚਰਖਾ ਸਾਡੇ ਪੁਰਾਣੇ **ਸਭਿਆਚਾਰ** ਦਾ ਇਕ ਮਹੱਤਵਪੂਰਣ ਅੰਗ ਹੈ। ਦੇਖਣ ਨੂੰ ਇਹ ਲੱਕੜ ਦਾ ਬਣਿਆ ਇਕ ਬੇਜਾਨ ਢਾਂਚਾ ਹੈ। ਪਰ **ਗਹੁ ਨਾਲ** ਵੇਖੀਏ ਤਾਂ ਪਤਾ ਲਗਦਾ ਹੈ ਕਿ ਇਸ ਦੇ ਅੰਗ **ਸੱਚ-ਮੁੱਚ** ਤਾਂ ਨਹੀਂ, ਪਰ ਝੂਠ-ਮੂਠ ਢੰਗ ਨਾਲ ਜ਼ਰੂਰ ਜੀਂਦੇ ਜਾਗਦੇ ਹਨ। ਇਸ ਝੂਠ-ਮੂਠ ਜਾਂ ਬਣਾਵਟ ਦੇ ਸੱਚ ਨੂੰ ਹੀ ਕਲਾ ਦਾ ਨਾਂ ਦਿੱਤਾ ਗਿਆ ਹੈ। ਗੱਲ ਇੰਜ ਹੈ ਕਿ ਚਰਖੇ ਦੀ ਬਣਤਰ ਵਿਚ ਫਟਾਂ ਦੇ ਦੋਨੀਂ ਪਾਸੀਂ ਖੜ੍ਹਵੇਂ ਦਾਅ ਗੁਲਾਈਦਾਰ ਘਾੜਤ ਦੀਆਂ ਦੋ ਲੱਕੜਾਂ ਹੁੰਦੀਆਂ ਹਨ। ਕੁੱਝ ਉੱਚੀਆਂ ਤੇ ਕੁਝ ਮੋਟੀਆਂ ਜਿਵੇਂ ਮੰਜੇ ਦੇ ਪਾਵੇ। ਇਹਨਾਂ ਦਾ ਉਪਰਲਾ ਸਿਰਾ ਗੋਲ-ਮੋਲ ਤੇ ਭਾਰਾ ਹੁੰਦਾ ਹੈ। ਇਨ੍ਹਾਂ ਨੂੰ 'ਮੁੰਨੇ' ਕਿਹਾ ਜਾਂਦਾ ਹੈ, ਜੋ 'ਮੁੰਡੇ' ਅਰਥਾਤ ਲੜਕੇ ਦਾ ਦੂਜਾ ਰੂਪ ਹਨ। ਇਥੇ ਹੀ ਬੱਸ ਨਹੀਂ, ਚਰਖੇ ਦੇ ਤੱਕਲੇ ਨੂੰ ਸਹਾਰਾ ਦੇਣ ਲਈ ਉਪਰੋਕਤ ਢੰਗ ਦੀਆਂ ਤਿੰਨ ਲੱਕੜਾਂ ਹੁੰਦੀਆਂ ਹਨ ਜੋ ਮੁੰਨਿਆਂ ਦੇ ਟਾਕਰੇ ਤੇ ਘੱਟ ਉੱਚੀਆਂ ਤੇ ਘੱਟ ਮੋਟੀਆਂ ਹੁੰਦੀਆਂ ਹਨ। ਇਹ ਹਨ ਚਰਖੇ ਦੀਆਂ ਮੁੰਨੀਆਂ ਅਰਥਾਤ ਕੁੜੀਆਂ ਜਾਂ ਕਾਕੀਆਂ। ਇਹਨਾਂ ਦਾ ਨਾਂ ਗੁੱਡੀਆਂ ਵੀ ਹੈ ਜਿਸ ਦੀ ਤਾਨ ਵੀ ਇਥੇ ਹੀ ਟੁੱਟਦੀ ਹੈ, ਕਿਉਂਕਿ ਗੁੱਡੀ ਦੇ ਦੂਜੇ ਅਰਥ ਖੇਡਣ ਵਾਲੀ ਵਸਤੂ ਤੋਂ ਛੁੱਟ, ਛੋਟੀ ਕੁੜੀ ਜਾਂ ਮੁੰਨੀ ਵੀ ਹਨ। ਸਾਡੇ ਸ਼ਬਦ ਪੁੱਤਰ ਅਤੇ ਪੁੱਤਰੀ ਮਾਂ-ਬਾਪ ਦੀ ਦ੍ਰਿਸ਼ਟੀ ਤੋਂ ਛੁਟਾਈ ਅਤੇ **ਸਨੇਹ** ਦੀ ਭਾਅ ਮਾਰਦੇ ਹਨ। ਤੁਸੀਂ ਉਸ ਲਕੜਹਾਰੇ ਦੀ ਸ੍ਰਿਜਣ-ਸ਼ਕਤੀ ਦੀ ਕਿਵੇਂ **ਦਾਦ** ਦੇਵੋਗੇ ਜਿਸਨੇ ਲੱਕੜ ਦੇ ਟੁਕੜੇ ਨੂੰ ਆਪਣੇ ਹੱਥਾਂ ਦੀ ਛੁਹ ਨਾਲ ਨਿੱਕੇ ਜਿਹੇ ਮੁੰਡੇ ਜਾਂ ਕੁੜੀ ਵਿਚ ਬਦਲ ਦਿੱਤਾ ਹੈ। ਇਸ ਤਰ੍ਹਾਂ (ਕਠ) ਪੁਤਲੇ ਜਾਂ ਪੁਤਲੀ ਦਾ ਜਨਮ ਹੋਇਆ ਜੋ ਪ੍ਰਤੱਖ ਹੀ ਪੁੱਤਰ ਜਾਂ ਪੁੱਤਰੀ ਦਾ ਕਲਪਿਤ ਰੂਪ ਹੈ।

**ਉਪਰੋਕਤ ਪੈਰੇ ਵਿਚੋਂ ਪ੍ਰਸ਼ਨ :**

1. ਉਪਰੋਕਤ ਪੈਰੇ ਦਾ ਸਿਰਲੇਖ ਦਿਓ।
2. ਸ਼ਬਦ ਸਭਿਆਚਾਰ, ਗਹੁ ਨਾਲ, ਦਾਦ ਦੇਣੀ ਅਤੇ ਸਨੇਹ ਦੇ ਅਰਥ ਦੱਸੋ।



www.a2zpapers.com www.a2zpapers.com
oad free old Question papers gndu, ptu hp board, punjab

a2zpapers.com

3. ਪੈਰ੍ਹੇ ਵਿਚ ਆਏ ਨਾਮ, ਵਿਸ਼ੇਸ਼ਣ ਅਤੇ ਕਿਰਿਆਵਾਂ ਨਾਲ ਸਬੰਧਤ ਕੁਝ ਸ਼ਬਦ ਦੱਸੋ।
4. ਚਰਖੇ ਦਾ ਸਾਡੇ ਜੀਵਨ ਵਿਚ ਕੀ ਮਹੱਤਵ ਹੈ ?
5. ਚਰਖੇ ਦੀਆਂ ਮੁੰਨੀਆਂ ਦਾ ਇਹ ਨਾਂ ਕਿਵੇਂ ਪਿਆ ? 5

6. ਹੇਠ ਲਿਖੇ ਮੁਹਾਵਰੇ ਅਤੇ ਅਖਾਣਾਂ ਵਿਚੋਂ **ਪੰਜ-ਪੰਜ** ਨੂੰ ਵਾਕਾਂ ਵਿੱਚ ਵਰਤੋ :

(ੳ) **ਮੁਹਾਵਰੇ :** ਉਂਗਲ ਕਰਨੀ, ਕੌੜਾ ਘੁੱਟ ਭਰਨਾ, ਠੰਡੇ ਸਾਹ ਲੈਣਾ, ਭੁੱਬਾਂ ਮਾਰਨਾ, ਅੱਖਾਂ ਲਾਲ ਕਰਨਾ, ਮੱਥਾ ਠਣਕਣਾ, ਗੁੱਸਾ ਨੱਕ ਤੇ ਪਿਆ ਹੋਣਾ, ਘੋੜੇ ਵੇਚ ਕੇ ਸੌਣਾ।

(ਅ) **ਅਖਾਣ :** ਹੀਲੇ ਰਿਜ਼ਕ ਬਹਾਨੇ ਮੌਤ, ਕੰਧਾਂ ਦੇ ਵੀ ਕੰਨ ਹੁੰਦੇ ਹਨ, ਹਸਣੇ ਘਰ ਵਸਣੇ, ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ, ਇਕ ਅਨਾਰ ਤੇ ਸੌ ਬਿਮਾਰ, ਈਸਬਗੋਲ ਤੇ ਕੁਝ ਨਾ ਫੋਲ, ਆਪਣੀਆਂ ਨਾ ਦਸੀਏ, ਪਰਾਈਆਂ ਕਰ ਕਰ ਹੱਸੀਏ, ਉਲਟਾ ਚੋਰ ਕੋਤਵਾਲ ਨੂੰ ਡਾਂਟੇ। 5+5=10

www.a2zpapers.com



www.a2zpapers.com www.a2zpapers.com
oad free old Question papers gndu, ptu hp board, punjab